ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ,ਚੰਡੀਗੜ੍ਹ
ਐਸ.ਸੀ.ਓ.ਨੰ: 104-106, ਦੂਜੀ ਮੰਜਿਲ-ਸੈਕਟਰ 34ਏ, ਚੰਡੀਗੜ੍ਹ

ਵੱਲ

ਸਮੂਹ ਮੰਡਲ ਸਿੱਖਿਆ ਅਫਸਰ
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ)

ਮੀਮੋ ਨੰ: ਐਡਮਨ/2012/83752
ਮਿਤੀ,ਚੰਡੀਗੜ੍ਹ: 14.8.2012

ਵਿਸ਼ਾ: ਰੈਸ਼ਨੇਲਾਈਜੇਸ਼ਨ ਦਾ ਕੰਮ ਮਿਤੀ 18.8.2012 ਤੱਕ ਪੂਰਾ ਕਰਨ ਸਬੰਧੀ ।

1.0 ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਪਹਿਲਾਂ ਹੀ ਡੀ.ਪੀ.ਆਈ(ਸੈ.ਸਿ) ਪੰਜਾਬ ਦੇ ਦਫਤਰੀ ਹੁਕਮ ਨੰ: 8/81-12ਅ-3(2) ਮਿਤੀ 8.8.2012 ਅਤੇ ਪੱਤਰ ਨੰ: 8/81-12ਅ-3(2) ਮਿਤੀ 13.8.2012 ਰਾਹੀਂ ਰੈਸ਼ਨੇਲਾਈਜੇਸ਼ਨ ਸਬੰਧੀ ਪਾਲਿਸੀ ਜਾਰੀ ਕੀਤੀ ਜਾ ਚੁੱਕੀ ਹੈ ਅਤੇ ਇਸ ਸਬੰਧੀ ਜ਼ਿਲ੍ਹਾ ਵਾਇਜ ਕਮੇਟੀਆਂ ਵੀ ਬਣਾ ਦਿੱਤੀਆਂ ਗਈਆਂ ਹਨ । ਉਪਰੋਕਤ ਅਨੁਸਾਰ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਆਪਣੇ ਜ਼ਿਲ੍ਹੇ ਸਬੰਧੀ ਰੈਸ਼ਨੇਲਾਈਜੇਸ਼ਨ ਰਿਪੋਰਟ ਮਿਤੀ 18.8.2012 ਤੱਕ ਪੂਰੀ ਕਰਕੇ ਸਬੰਧਤ ਅਫਸਰ ਨੂੰ ਭੇਜੀ ਜਾਵੇ ਤਾਂ ਜੋ ਇਸ ਤੇ ਤੁਰੰਤ ਲੋੜੀਂਦੀ ਕਾਰਵਾਈ ਕੀਤੀ ਜਾ ਸਕੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ

ਪਿੱਠ ਅੰਕਣ ਨੰ: 327 ਮਿਤੀ,ਚੰਡੀਗੜ੍ਹ 14/08/12

ਉਪਰੋਕਤ ਦਾ ਉਤਾਰਾ ਸ੍ਰੀਮਤੀ ਪੰਕਜ਼ ਸ਼ਰਮਾ ਡਿਪਟੀ ਡਾਇਰੈਕਟਰ(ਸ.ਪ੍ਰ) ਦਫਤਰ ਡੀ.ਪੀ.ਆਈ(ਸੈ.ਸਿ) ਸਿੱਖਿਆ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ

**<u>ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਚੰਡੀਗੜ੍ਹ</u>**

**ਵਿਸ਼ਾ :- ਸਾਲ 2012-13 ਲਈ <u>ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਅਧਿਆਪਕਾਂ</u> ਦੀ ਰੈਸ਼ਨੇਲਾਈਜ਼ੇਸ਼ਨ ਪਾਲਿਸੀ ਸਬੰਧੀ ਸਪਸਟੀਕਰਨ।**

ਇਸ ਦਫ਼ਤਰ ਵੱਲੋਂ ਉਪਰੋਕਤ ਵਿਸ਼ੇ ਸਬੰਧੀ ਰੈਸ਼ਨੇਲਾਈਜ਼ੇਸ਼ਨ ਪਾਲਿਸੀ ਮਿਤੀ 07-08-2012 ਨੂੰ ਸਾਰੇ ਜ਼ਿਲ੍ਹਿਆਂ ਵਿੱਚ ਸਰਕੂਲੇਟ ਕੀਤੀ ਗਈ ਸੀ, ਮਿਤੀ 09-08-2012 ਨੂੰ ਮਾਨਯੋਗ ਡੀ.ਜੀ.ਐਸ.ਈ. ਜੀ ਦੀ ਪ੍ਰਧਾਨਗੀ ਹੇਠ ਸਮੂਹ ਮੰਡਲ ਸਿੱਖਿਆ ਅ਼ਫ਼ਸਰ ਅਤੇ ਜ਼ਿਲ੍ਹਾ ਸਿੱਖਿਆ ਅ਼ਫ਼ਸਰਾਂ ਦੀ ਹੋਈ ਮੀਟਿੰਗ ਵਿੱਚ ਇਸ ਪਾਲਿਸੀ ਸਬੰਧੀ ਡੀਟੇਲ ਵਿੱਚ ਡਿਸਕਸ਼ਨ ਕੀਤੀ ਗਈ। ਕੁੱਝ ਮੁੱਦਿਆਂ ਤੇ ਜ਼ਿਲ੍ਹਾ ਸਿੱਖਿਆ ਅ਼ਫ਼ਸਰਾਂ ਦੀਆ ਕਿਊਰੀਸ / ਸੁਝਾਓ ਪ੍ਰਤੀ ਹੇਠ ਲਿਖੇ ਅਨੁਸਾਰ ਪ੍ਰਵਾਨਗੀ ਦਿੱਤੀ ਜਾਂਦੀ ਹੈ:-

| ਲੜੀ ਨੰ: | ਕਿਊਰੀ / ਸੁਝਾਓ | ਪ੍ਰਵਾਨਗੀ |
|---|---|---|
| 1 | ਲੈਕਚਰਾਰਾਂ ਦੇ ਪੀਰੀਅਡ ਮਾਸਟਰ ਕਾਡਰ ਨਾਲੋਂ ਘੱਟ ਹੋਣੇ ਚਾਹੀਦੇ ਹਨ। ਕਿਉਂ ਕਿ 10+1 ਅਤੇ 10+2 ਜਮਾਤਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ ਅਤੇ ਵਿਦਿਆਰਥੀ ਵੱਡੀ ਉਮਰ ਦੇ ਹੋਣ ਕਾਰਨ ਉਨ੍ਹਾ ਨੂੰ ਪੜ੍ਹਾਉਣ ਤੋਂ ਪਹਿਲਾਂ ਲੈਕਚਰਾਰ ਨੂੰ ਆਪਣਾ ਲੈਕਚਰ ਤਿਆਰ ਕਰਨ ਲਈ ਸਮੇਂ ਦੀ ਲੋੜ ਹੁੰਦੀ ਹੈ। | ਲੈਕਚਰਾਰਾਂ ਦੇ ਪੀਰੀਅਡ 36 ਦੀ ਥਾਂ 34 ਹੋਣਗੇ। |
| 2 | ਸੀ ਐਂਡ ਵੀ ਕਾਡਰ ਵਿੱਚ ਮਿਡਲ ਸਕੂਲਾਂ ਵਿੱਚ ਜੇਕਰ ਪੀ.ਟੀ.ਆਈ. ਅਤੇ ਆਰਟ ਐਂਡ ਕਰਾਫਟ ਅਧਿਆਪਕਾਂ ਦੇ ਪੀਰੀਅਡ ਪੂਰੇ ਨਹੀਂ ਹੁੰਦੇ ਤਾਂ ਜੇਕਰ ਕਿਸੇ ਲਾਗਲੇ ਸਕੂਲ ਵਿੱਚ ਉਸ ਵਿਸ਼ੇ ਦੀ ਪੋਸਟ ਖਾਲੀ ਹੈ ਤਾਂ ਉਨ੍ਹਾਂ ਦੀ ਤਿੰਨ ਦਿਨਾਂ ਲਈ ਡਿਊਟੀ ਉਸ ਸਕੂਲ ਵਿੱਚ ਲਗਾ ਦਿੱਤੀ ਜਾਵੇ। ਅਜਿਹਾ ਕਰਦੇ ਸਮੇਂ ਇਹ ਧਿਆਨ ਰੱਖਿਆ ਜਾਵੇ ਕਿ ਜੇਕਰ ਕਿਸੇ ਸਕੂਲ ਵਿੱਚੋਂ ਪੀ.ਟੀ.ਆਈ ਅਤੇ ਆਰਟ ਐਂਡ ਕਰਾਫਟ ਟੀਚਰ ਦੋਵਾਂ ਦੀ ਡਿਊਟੀ ਤਿੰਨ ਦਿਨਾਂ ਲਈ ਨਾਲ ਦੇ ਸਕੂਲ ਵਿੱਚ ਲੱਗਦੀ ਹੈ ਤਾਂ ਦੋਵੇਂ ਟੀਚਰ ਇਕੱਠੇ ਹੀ ਦੂਸਰੇ ਸਕੂਲ ਵਿੱਚ ਨਾ ਭੇਜੇ ਜਾਣ ਭਾਵ ਕਿ ਦੋਹਾਂ ਵਿੱਚੋਂ ਕੋਈ ਇੱਕ ਅਧਿਆਪਕ ਆਪਣੀ ਪੋਸਟਿੰਗ ਸਕੂਲ ਵਿੱਚ ਰਹੇਗਾ। | ਸੁਝਾਓ ਪ੍ਰਵਾਨ ਕੀਤਾ ਜਾਂਦਾ ਹੈ। |
| 3 | ਸਾਇੰਸ ਮੈਡੀਕਲ/ਨਾਨ-ਮੈਡੀਕਲ ਗਰੁੱਪ ਲਈ ਇਹ ਅਨੁਪਾਤ 1:40 ਕੀਤਾ ਜਾਵੇ ਕਿਉਂ ਕਿ ਇਨ੍ਹਾਂ ਦੇ ਜੋ ਪ੍ਰੈਕਟੀਕਲ ਗਰੁੱਪ ਬਣਾਏ ਜਾਣੇ ਹਨ, ਉਹ 20 ਵਿਦਿਆਰਥੀਆਂ ਦਾ ਇੱਕ ਗਰੁੱਪ ਬਣਾਇਆ ਜਾਣਾ ਹੈ। ਪ੍ਰੈਕਟੀਕਲ ਲਈ ਹਫਤੇ | 10+1 ਅਤੇ 10+2 ਕਲਾਸਾਂ ਲਈ ਸਾਇੰਸ ਮੈਡੀਕਲ/ਨਾਨ-ਮੈਡੀਕਲ ਗਰੁੱਪ ਲਈ ਇਹ ਅਨੁਪਾਤ 1:40 ਕੀਤਾ ਜਾਂਦਾ ਹੈ। |

| | | |
|---|---|---|
| | ਵਿੱਚ 4 ਪੀਰੀਅਡ ਦਿੱਤੇ ਗਏ ਹਨ। ਜਦੋਂ ਪ੍ਰੈਕਟੀਕਲ ਦਾ ਇੱਕ ਗਰੁੱਪ ਕੰਮ ਕਰੇਗਾ, ਉਸ ਸਮੇਂ ਬਾਕੀ ਗਰੁੱਪਾਂ ਦੇ ਵਿਦਿਆਰਥੀਆਂ ਤੋਂ ਕਿਵੇਂ ਕੰਮ ਲਿਆ ਜਾਣਾ ਹੈ। | |
| 4 | ਜੇਕਰ ਹਿਊਮੈਂਟੀਜ਼ ਗਰੁੱਪ ਦੇ ਮੈਥ ਵਿਸ਼ੇ ਵਿੱਚ ਵਿਦਿਆਰਥੀਆਂ ਦੀ ਗਿਣਤੀ 10 ਤੋਂ ਘੱਟ ਜਾਂਦੀ ਹੈ ਤਾਂ ਕੀ ਇਸ ਵਿਸ਼ੇ ਨੂੰ ਬੰਦ ਕਰਨਾ ਹੈ ਜਾਂ ਨਹੀਂ। | ਜਾਰੀ ਕੀਤੀ ਪਾਲਿਸੀ ਅਨੁਸਾਰ ਹਿਊਮੈਂਟੀਜ਼ ਗਰੁੱਪ ਵਿੱਚ ਮੈਥ ਵਿਸ਼ੇ ਵਿੱਚ ਵਿਦਿਆਰਥੀਆਂ ਦੀ ਗਿਣਤੀ 10 ਤੋਂ ਘੱਟ ਜਾਂਦੀ ਹੈ ਤਾਂ ਉਹ ਵਿਸ਼ਾ ਬੰਦ ਕੀਤਾ ਜਾਵੇ। |
| 5 | ਹਿਊਮੈਂਟੀਜ਼ ਗਰੁੱਪ ਵਿੱਚ ਸਰੀਰਿਕ ਸਿੱਖਿਆ, ਮਿਊਜ਼ਿਕ, ਫਾਈਨ ਆਰਟਸ ਵਿਸ਼ਿਆਂ ਵਿੱਚ ਥਿਓਰੀਦੇ ਨਾਲ ਨਾਲ ਪ੍ਰੈਕਟੀਕਲ ਵੀ ਹੁੰਦਾ ਹੈ ਅਤੇ ਪ੍ਰੈਕਟੀਕਲ ਦੇ ਅੰਕ ਥਿਓਰੀ ਦੇ ਅੰਕਾਂ ਨਾਲੋਂ ਜ਼ਿਆਦਾ ਹੁੰਦੇ ਹਨ। ਇਸ ਲਈ ਇਨ੍ਹਾਂ ਵਿਸ਼ਿਆਂ ਦੇ ਥਿਓਰੀ ਦੇ ਪੀਰੀਅਡ 2 ਕਰਕੇ ਪ੍ਰੈਕਟੀਕਲ ਲਈ 4 ਪੀਰੀਅਡ ਅਲਾਟ ਕੀਤੇ ਜਾਣ। | ਹਿਊਮੈਂਟੀਜ਼ ਗਰੁੱਪ ਵਿੱਚ ਸਰੀਰਿਕ ਸਿੱਖਿਆ, ਮਿਊਜ਼ਿਕ, ਫਾਈਨ ਆਰਟਸ ਲਈ ਸੁਝਾਓ ਪ੍ਰਵਾਨ ਕੀਤਾ ਜਾਂਦਾ ਹੈ। |
| 6 | ਕਮਰਸ ਗਰੁੱਪ ਵਿੱਚ ਅਕਾਊਂਟੈਸੀ- I/II ਅਤੇ ਮਾਡਰਨ ਆਫਿਸ ਪ੍ਰੈਕਟਿਸ / ਫੰਡਾਮੈਂਟਲ ਆਫ ਈ-ਬਿਜਨੈਸ ਦੇ ਵੀ ਪ੍ਰੈਕਟੀਕਲ ਹੁੰਦੇ ਹਨ, ਇਸ ਲਈ ਇਨ੍ਹਾਂ ਵਿਸ਼ਿਆਂ ਨੂੰ ਪ੍ਰੈਕਟੀਕਲ ਦੇ 2-2 ਪੀਰੀਅਡ ਹੋਰ ਦਿੱਤੇ ਜਾਣ। | ਸੁਝਾਓ ਪ੍ਰਵਾਨ ਕੀਤਾ ਜਾਂਦਾ ਹੈ। |
| 7 | 10+1 ਅਤੇ 10+2 ਪੱਧਰ ਤੇ ਵਾਤਾਵਰਨ ਸਿੱਖਿਆ ਲਈ ਕੋਈ ਵੱਖਰੇ ਲੈਕਚਰਾਰ ਨਹੀਂ ਹੁੰਦੇ। ਇਸ ਲਈ ਸੁਝਾਓ ਦਿੱਤਾ ਗਿਆ ਕਿ ਇਹ ਪੀਰੀਅਡ ਪਹਿਲ ਦੇ ਆਧਾਰ ਤੇ<br>1. ਲੈਕਚਰਾਰ ਬਾਇਓਲੋਜੀ<br>2. ਲੈਕਚਰਾਰ ਜੋਗਰਫੀ<br>3. ਲੈਕਚਰਾਰ ਫਿਜੀਕਸ/ ਕਮਿਸਟਰੀ<br>4. ਸਕੂਲ ਮੁਖੀ ਦੇ ਪ੍ਰਬੰਧ ਅਨੁਸਾਰ ਹੀ ਅਲਾਟ ਕੀਤੇ ਜਾਣ। | ਸੁਝਾਓ ਪ੍ਰਵਾਨ ਕੀਤਾ ਜਾਂਦਾ ਹੈ। |
| 8 | ਇਸ ਪਾਲਿਸੀ ਵਿੱਚ ਵੋਕੇਸ਼ਨਲ ਗਰੁੱਪ ਦੀ ਰੈਸ਼ਨੇਲਾਈਜ਼ੇਸ਼ਨ ਬਾਰੇ ਕੁੱਝ ਦਰਜ ਨਹੀਂ ਕੀਤਾ ਗਿਆ। | ਵੋਕੇਸ਼ਨਲ ਗਰੁੱਪ ਦੀ ਰੈਸ਼ਨੇਲਾਈਜ਼ੇਸ਼ਨ ਲਈ ਵੱਖਰੇ ਤੋਰ ਤੇ ਪਾਲਿਸੀ ਜਾਰੀ ਕੀਤੀ ਜਾਵੇਗੀ। |
| 9 | ਮਿਤੀ 30-09-2011 ਤੋਂ ਬਾਅਦ ਇਕੋ ਵਿਸ਼ੇ ਦੇ 2 ਮੇਲ ਅਧਿਆਪਕ ਇੱਕੋ ਦਿਨ ਹਾਜ਼ਰ ਹੋਏ ਹੋਣ ਤਾਂ ਕਿਹੜਾ ਅਧਿਆਪਕ ਸਰਪਲੱਸ ਮੰਨਿਆ | ਅਜਿਹੀ ਹਾਲਤ ਵਿੱਚ ਘੱਟ ਸਰਵਿਸ ਵਾਲਾ ਅਧਿਆਪਕ ਸਰਪਲੱਸ ਮੰਨਿਆ ਜਾਵੇਗਾ। |

| | | |
|---|---|---|
| | ਜਾਵੇਗਾ। ਜੋ ਸਿੱਖਿਆ ਪ੍ਰੋਵਾਈਡਰ ਬੀ.ਆਰ.ਪੀ./ ਡੀ.ਆਰ.ਪੀ. ਵਿਰੁੱਧ ਲਗਾਏ ਗਏ ਹਨ, ਉਨ੍ਹਾਂ ਨੂੰ ਕਿਵੇਂ ਰੈਸ਼ਨੇਲਾਈਜ਼ ਕੀਤਾ ਜਾਵੇਗਾ। | ਅਜਿਹੇ ਸਿੱਖਿਆ ਪ੍ਰੋਵਾਈਡਰਾਂ ਨੂੰ ਰੈਸ਼ਨੇਲਾਈਜ਼ੇਸ਼ਨ ਤੋਂ ਬਾਅਦ ਵਿਚਾਰਿਆ ਜਾਵੇਗਾ, ਬੀ.ਆਰ.ਪੀ./ ਡੀ.ਆਰ.ਪੀ. ਦੀ ਪੋਸਟ ਭਰੀ ਗਿਣੀ ਜਾਵੇਗੀ। ਆਰ.ਐਮ.ਐਸ.ਏ. ਦੇ ਸਕੂਲਾਂ ਵਿੱਚ ਜੋ ਰੈਗੂਲਰ ਟੀਚਰ ਕੰਮ ਕਰ ਰਹੇ ਹਨ। ਉਨ੍ਹਾਂ ਦੀ ਰੈਸ਼ਨੇਲਾਈਜ਼ੇਸ਼ਨ ਤਾਂ ਕਰ ਦਿੱਤੀ ਜਾਵੇ ਪਰ ਜੇਕਰ ਅਜਿਹੇ ਸਕੂਲਾਂ ਵਿੱਚ ਆਰ.ਐਮ.ਐਸ.ਏ. ਦਾ ਅਧਿਆਪਕ ਨਿਯੁਕਤ ਨਹੀਂ ਹੈ ਤਾਂ ਉਸ ਅਧਿਆਪਕ ਦੀ ਨਿਯੁਕਤੀ ਉਪਰੰਤ ਹੀ ਰੈਗੂਲਰ ਅਧਿਆਪਕ ਨੂੰ ਫਾਰਗ ਕੀਤਾ ਜਾਵੇ। |
| 10 | ਸਰਪਲੱਸ ਹੋਏ ਅਧਿਆਪਕਾਂ ਨੂੰ ਐਡਜਸਟ ਕਿਵੇਂ ਕੀਤਾ ਜਾਣਾ ਹੈ ਅਤੇ ਸਰਪਲੱਸ ਪੋਸਟਾਂ ਕਿਵੇਂ ਐਡਜਸਟ ਕੀਤੀਆ ਜਾਣੀਆ ਹਨ। | ਅਗਰ ਕਿਸੇ ਸਕੂਲ ਵਿਚ 30-9-2011 ਤੋਂ ਬਾਅਦ ਨਵੀ ਅਸਾਮੀ ਦਿੱਤੀ ਗਈ ਹੈ ਤਾਂ ਅਸਾਮੀ ਸਰਪਲਸ ਹੋਣ ਦੀ ਸੂਰਤ ਵਿਚ ਨਵੀ ਦਿੱਤੀ ਅਸਾਮੀ ਸਿਫਟ ਕੀਤੀ ਜਾਵੇ। ਜ਼ਿਲ੍ਹੇ ਅੰਦਰ ਵੱਖ -ਵੱਖ ਵਿਸ਼ਿਆਂ ਦੀਆਂ ਸਰਪਲੱਸ ਹੋਈਆ ਪੋਸਟਾਂ ਉਸੇ ਜ਼ਿਲ੍ਹੇ ਵਿੱਚ ਉਤਪੰਨ ਹੋਈ ਡਿਮਾਂਡ ਦੇ ਅਨੁਸਾਰ ਸਕੂਲਾਂ ਨੂੰ ਅਲਾਟ ਕਰਨ ਤੋਂ ਬਾਅਦ ਬਾਕੀ ਬਚੀਆ ਸਰਪਲੱਸ ਪੋਸਟਾਂ ਮੰਡਲ ਪੂਲ ਵਿੱਚ ਭੇਜੀਆ ਜਾਣ ਅਤੇ ਮੰਡਲ ਵਿੱਚ ਜੇਕਰ ਕਿਸੇ ਹੋਰ ਜ਼ਿਲ੍ਹੇ ਵਿੱਚ ਕਿਸੇ ਵਿਸ਼ੇ ਦੀ ਪੋਸਟ ਦੀ ਲੋੜ ਹੈ ਤਾਂ ਉਸ ਵਿਸ਼ੇ ਦੀ ਪੋਸਟ ਮੰਡਲ ਪੂਲ ਵਿੱਚੋਂ ਦੇ ਦਿੱਤੀ ਜਾਵੇ। ਵਿਸ਼ਾਵਾਰ ਸਰਪਲੱਸ ਹੋਏ ਅਧਿਆਪਕਾਂ ਦੀ ਸਰਵਿਸ ਦੇ ਆਧਾਰ ਤੇ ਸੀਨੀਅਰ ਅਧਿਆਪਕ ਨੂੰ ਸਟੈਸ਼ਨ ਚੁਨਣ ਦੀ ਪਹਿਲ ਦਿੱਤੀ ਜਾਵੇ। ਜੇਕਰ ਸਰਪਲੱਸ ਅਧਿਆਪਕ ਵੱਧ ਹੋਣ ਅਤੇ ਜ਼ਿਲ੍ਹੇ ਵਿੱਚ ਉਸ ਵਿਸ਼ੇ ਦੀ ਪੋਸਟ ਨਾ ਹੋਵੇ ਤਾਂ ਸੀਨੀਆਰਤਾਂ ਦੇ ਆਧਾਰ ਤੇ ਹੀ ਬਾਕੀ ਬਚੇ ਅਧਿਆਪਕਾਂ ਨੂੰ ਨਾਲ ਦੇ ਜ਼ਿਲ੍ਹੇ ਵਿੱਚ ਪੋਸਟ ਕੀਤਾ ਜਾਵੇ। ਨੇਤਰਹੀਣ, ਅੰਗਹੀਣ (ਜਿੰਨਾਂ ਦਾ ਲੋਅਰ ਲਿੰਬਜ਼ 50% ਪੱਕੇ ਤੌਰ ਤੇ ਨਕਾਰਾ ਹੋਣ, ਜਿਨ੍ਹਾਂ ਦੀ ਇੱਕ ਜਾਂ ਦੋਵੇਂ ਬਾਹਾਂ ਨਾ ਹੋਣ) ਨੂੰ ਸ਼ਿਫਟ ਨਾ ਕੀਤਾ ਜਾਵੇ । ਇਸ ਬਾਰੇ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) |

| | | |
|---|---|---|
| | | ਸਬੰਧਤ ਕਰਮਚਾਰੀ ਲਈ ਜ਼ਿਲ੍ਹੇ ਦੇ ਸਿਵਲ ਸਰਜਨ ਵੱਲੋਂ ਜਾਰੀ ਕੀਤੇ ਗਏ ਪ੍ਰਮਾਣ ਪੱਤਰ ਨੂੰ ਤਸਦੀਕ ਕਰਵਾਉਣ ਉਪਰੰਤ ਕਾਰਵਾਈ ਕਰੇਗਾ। ਵਿਧਵਾ, ਕੁਆਰੀ ਲੜਕੀ ਅਤੇ ਤਲਾਕਸ਼ੁਦਾ ਇਸਤਰੀ ਨੂੰ ਸਰਪਲੱਸ ਹੋਣ ਦੀ ਸੂਰਤ ਵਿੱਚ ਸਭ ਤੋਂ ਨਜ਼ਦੀਕੀ ਲੋੜਵੰਦ ਸਟੇਸ਼ਨ ਤੇ ਐਡਜਸਟ ਕਰਨ ਲਈ ਤਰਜੀਹ ਦਿੱਤੀ ਜਾਵੇ। |
| 11 | ਜਿਹਨਾਂ ਅਧਿਆਪਕ/ਅਧਿਅਪਾਕਾਵਾਂ ਦੀ ਰਿਟਾਇਰਮੈਂਟ ਵਿੱਚ ਇੱਕ ਸਾਲ ਜਾਂ ਇਸ ਤੋਂ ਘੱਟ ਦਾ ਸਮਾਂ ਰਹਿੰਦਾ ਹੋਵੇ ਉਨ੍ਹਾਂ ਨੂੰ ਸ਼ਿਫਟ ਨਹੀ ਕੀਤਾ ਜਾਣਾ, ਇਸ ਲਈ ਰਿਟਾਇਰਮੈਂਟ ਦੀ ਮਿਤੀ ਨਿਸਚਿਤ ਕੀਤੀ ਜਾਵੇ। | ਜਿਹਨਾਂ ਅਧਿਆਪਕ/ ਅਧਿਅਪਾਕਾਵਾਂ ਦੀ ਰਿਟਾਇਰਮੈਂਟ ਦੀ ਮਿਤੀ 31-07-2013 ਨੂੰ ਜਾਂ ਇਸ ਤੋ ਪਹਿਲਾ ਹੈ, ਉਨ੍ਹਾਂ ਨੂੰ ਸ਼ਿਫਟ ਨਾ ਕੀਤਾ ਜਾਵੇ । |

ਬਾਕੀ ਵੇਰਵੇ ਜੋ ਪਾਲਿਸੀ ਸਰਕੂਲੇਟ ਕੀਤੀ ਹੈ ਉਸੇ ਅਨੁਸਾਰ ਰਹਿਣਗੇ। ਉਪਰੋਕਤ ਅਨੁਸਾਰ ਜਿਲਾ ਸਿਖਿਆ ਅਫਸਰ ਆਪਣੀਆ ਤਜਵੀਜਾਂ ਤਿਆਰ ਕਰਕੇ ਮਿਤੀ 25-08-2012 ਤੋ ਪਹਿਲਾ ਆਪਣੇ ਜਿਲੇ ਨਾਲ ਸਬੰਧਤ ਵਿਭਾਗੀ ਕਮੇਟੀ ਤੋ ਚੈਕ ਕਰਵਾ ਕੇ ਡਾਇਰੈਕਟੋਰੇਟ ਤੋ ਪ੍ਰਵਾਨ ਕਰਵਾਉਣਗੇ।

ਸਹੀ/-

ਡਿਪਟੀ ਡਾਇਰੈਕਟਰ (ਸ:ਪ੍ਰ:)

ਰਾਜ ਦੇ ਸਮੂਹ ਮੰਡਲ/ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.), ਪੰਜਾਬ।

**<u>ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਚੰਡੀਗੜ੍ਹ</u>**

ਵੱਲ

ਰਾਜ ਦੇ ਸਮੂਹ ਮੰਡਲ/ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.),
ਪੰਜਾਬ।

ਮੀਮੋ ਨੰ:- 8/81-12 ਅ-3 (2)
ਮਿਤੀ, ਚੰਡੀਗੜ੍ਹ :- 13-08-2012

**ਵਿਸ਼ਾ :- ਪੰਜਾਬ ਦੇ <u>ਸਰਕਾਰੀ ਪ੍ਰਾਇਮਰੀ ਦੇ ਅਧਿਆਪਕਾਂ</u> ਦੀ ਰੈਸ਼ਨੇਲਾਈਜ਼ੇਸ਼ਨ ਲਈ ਪਾਲਿਸੀ ਦੇ ਸਬੰਧ ਵਿਚ ਸਪਸਟੀਕਰਨ ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਰੈਸ਼ਨੇਲਾਈਜ਼ੇਸ਼ਨ ਪਾਲਿਸੀ ਸਬੰਧੀ ਗਾਈਡਲਾਈਨਜ਼ ਅਨੁਸਾਰ ਪਹਿਲੀ ਤੋ ਪੰਜਵੀ ਤੱਕ ਆਰ.ਟੀ.ਈ. ਐਕਟ ਅਨੁਸਾਰ 60 ਬਚਿਆਂ ਤੱਕ ਦੋ ਅਧਿਆਪਕ, 61ਵੇਂ ਬੱਚੇ ਤੋ 90 ਤੱਕ ਤਿੰਨ ਅਧਿਆਪਕ, 91ਵੇ ਤੋ ਲੈ ਕੇ 120 ਬਚਿਆ ਤੱਕ ਚੋਥਾ ਅਧਿਆਪਕ ਦਿਤਾ ਜਾਵੇਗਾ। ਇਸ ਤਰਾਂ ਆਰ.ਟੀ.ਈ. ਐਕਟ ਦੇ ਦਿਸਾ ਨਿਰਦੇਸਾ ਅਨੁਸਾਰ ਹੀ ਤਜਵੀਜ ਬਣਾਈ ਜਾਵੇ।

ਡਿਪਟੀ ਡਾਇਰੈਕਟਰ (ਸ.ਪ੍ਰ.)

ਨੋਟ :- 1. **ਮੰਡਲ ਸਿੱਖਿਆ ਅਫ਼ਸਰ ਆਪਣੇ ਸਬੰਧਤ ਜ਼ਿਲ੍ਹਿਆਂ ਦੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਅਤੇ (ਐ.ਸਿ.) ਨੂੰ ਆਪਣੇ ਪੱਧਰ ਤੇ ਸੂਚਨਾਂ ਪੁੱਜਦੀ ਕਰਕੇ ਤਜਵੀਜ਼ਾਂ ਤਿਆਰ ਕਰਵਾਉਣਗੇ।**

**ਦਫ਼ਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ,ਸਰਵ ਸਿੱਖਿਆ ਅਭਿਆਨ ਅਥਾਰਿਟੀ, ਪੰਜਾਬ, ਚੰਡੀਗੜ੍ਹ।**

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:172-2623006, 2623207, 2620106
ਫੈਕਸ:0172-2624687 ਈ-ਮੇਲ: ssapunjab123@gmail.com

ਵੱਲ

ਸਮੂਹ ਮੰਡਲ ਸਿੱਖਿਆ ਅਫ਼ਸਰ
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.),
ਪੰਜਾਬ।

ਮੀਮੋ ਨੰ:-ਡੀ.ਜੀ.ਐਸ.ਈ/2012/ਰੈਸ਼ਨੇਲਾਈਜੇਸ਼ਨ/ 83510
ਮਿਤੀ, ਚੰਡੀਗੜ੍ਹ :- 08-08-2012

**ਵਿਸ਼ਾ :ਪੰਜਾਬ ਦੇ ਸਰਕਾਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਅਧਿਆਪਕਾਂ ਦੀ ਰੈਸ਼ਨੇਲਾਈਜ਼ੇਸ਼ਨ ਲਈ ਪਾਲਿਸੀ ।**

1.0 **ਉਪਰੋਕਤ ਵਿਸ਼ੇ ਦੇ ਸਬੰਧ ਵਿੱਚ** ਪੰਜਾਬ ਸਰਕਾਰ ਵੱਲੋ ਜਾਰੀ **ਰੈਸ਼ਨੇਲਾਈਜ਼ੇਸ਼ਨ ਪਾਲਿਸੀ ਸਬੰਧੀ ਗਾਈਡਲਾਈਨਜ਼ ਨਾਲ ਨੱਥੀ ਕਰਕੇ ਆਪ ਨੂੰ ਅਗਲੇਰੀ ਕਾਰਵਾਈ ਕਰਨ ਹਿੱਤ ਭੇਜੀਆ ਜਾਂਦੀਆ ਹਨ। ਇਨ੍ਹਾਂ ਗਾਈਡਲਾਈਨਜ਼ ਅਨੁਸਾਰ ਤੁਰੰਤ ਤਜਵੀਜ਼ਾਂ ਤਿਆਰ ਕੀਤੀਆ ਜਾਣ।**

2.0 ਦਫਤਰ ਡੀ.ਪੀ.ਆਈ (ਸੈ.ਸਿ) ਪੰਜਾਬ ਵੱਲੋ ਜਾਰੀ ਹੁਕਮ ਨੰ- 8/81-12ਅ-3(2) ਮਿਤੀ 07/08/2012 ਰਾਹੀ ਜਾਰੀ ਕੀਤੀ ਰੈਸ਼ਨੇਲਾਈਜੇਸ਼ਨ ਸਬੰਧੀ ਕਮੇਟੀ ਵਿਚ ਸਬੰਧਤ ਜਿਲ੍ਹੇ ਦਾ ਜਿਲ੍ਹਾ ਸਾਇੰਸ ਸੁਪਰਵਾਈਜ਼ਰ ਡੀ.ਜੀ.ਐਸ.ਈ ਦੇ ਨੋਮੀਨੀ ਹੋਣਗੇ।

3.0 ਇਸ ਸਬੰਧੀ ਵਿਚਾਰ ਸਮੂਹ ਜਿਲ੍ਹਾ ਸਿਖਿਆ ਅਫਸਰ (ਸੈ.ਸਿ/ਐ.ਸਿ) ਪੰਜਾਬ ਦੀ ਮਿਤੀ 09/08/2012 ਨੂੰ ਹੋਣ ਵਾਲੀ ਮੀਟਿੰਗ ਵਿੱਚ ਕੀਤੀ ਜਾਵੇਗੀ।

-ਸਹੀ-
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ**

**ਉਪਰੋਕਤ ਦਾ ਉਤਾਰਾ** ਦਫ਼ਤਰ ਡੀ.ਪੀ.ਆਈ (ਸੈ.ਸਿ), ਪੰਜਾਬ **ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਦਾ ਹੈ।**

## ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਚੰਡੀਗੜ੍ਹ

ਹੁਕਮ ਨੰ:- 8/81-12 ਅ-3 (2)
ਮਿਤੀ, ਚੰਡੀਗੜ੍ਹ :- 07-08-2012

ਪੰਜਾਬ ਦੇ ਸਰਕਾਰੀ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਅਧਿਆਪਕਾਂ ਦੀ ਰੈਸ਼ਨੇਲਾਈਜ਼ੇਸ਼ਨ ਦੇ ਕੰਮ ਦੀ ਦੇਖ ਰੇਖ, ਇਸ ਨੂੰ ਸਹੀ ਢੰਗ ਨਾਲ ਲਾਗੂ ਕਰਨ ਅਤੇ ਅੰਤਿਮ ਰੂਪ ਦੇਣ ਲਈ ਹੇਠ ਲਿਖੇ ਅਨੁਸਾਰ ਵਿਭਾਗੀ ਕਮੇਟੀਆਂ ਗਠਿਤ ਕੀਤੀਆ ਜਾਂਦੀਆ ਹਨ :-

| ਲੜੀ ਨੰ: | ਕਮੇਟੀ ਮੈਂਬਰਾਂ ਦੇ ਨਾਮ ਅਤੇ ਅਹੁੱਦਾ | ਜਿਨ੍ਹਾਂ ਜ਼ਿਲ੍ਹਿਆ ਦੇ ਕੰਮ ਦੀ ਦੇਖ ਰੇਖ ਕੀਤੀ ਜਾਣੀ ਹੈ। |
|---|---|---|
| 1 | 1. ਸ਼੍ਰੀ ਮਨਜੀਤ ਸਿੰਘ, ਮੰਡਲ ਸਿੱਖਿਆ ਅਫ਼ਸਰ, ਫਰੀਦਕੋਟ<br>2. ਸ਼੍ਰੀ ਬਲਜੀਤ ਸਿੰਘ ਬਰਾੜ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਫਰੀਦਕੋਟ<br>3. ਸ਼੍ਰੀ ਬਲਵਿੰਦਰ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਠਿੰਡਾ<br>4. ਸਬੰਧਤ ਜਿਲ੍ਹੇ ਦਾ ਜਿਲ੍ਹਾ ਸਾਇੰਸ ਸੁਪਰਵਾਈਜਰ ਬਤੌਰ ਡੀ.ਜੀ.ਐਸ.ਈ ਜੀ ਦਾ ਨੁਮਾਇੰਦਾ | 1. ਅੰਮ੍ਰਿਤਸਰ<br>2. ਜਲੰਧਰ<br>3. ਗੁਰਦਾਸਪੁਰ<br>4. ਕਪੂਰਥਲਾ<br>5. ਪਠਾਨਕੋਟ |
| 2 | 1. ਸ਼੍ਰੀ ਰੋਸ਼ਨ ਲਾਲ ਸੂਦ, ਮੰਡਲ ਸਿੱਖਿਆ ਅਫ਼ਸਰ, ਨਾਭਾ<br>2. ਸ਼੍ਰੀ ਹਰਬੰਸ ਸਿੰਘ ਸੰਧੂ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਮਾਨਸਾ<br>3. ਸ਼੍ਰੀ ਧਰਮ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਰੋਪੜ੍ਹ<br>4. ਸਬੰਧਤ ਜਿਲ੍ਹੇ ਦਾ ਜਿਲ੍ਹਾ ਸਾਇੰਸ ਸੁਪਰਵਾਈਜਰ ਬਤੌਰ ਡੀ.ਜੀ.ਐਸ.ਈ ਜੀ ਦਾ ਨੁਮਾਇੰਦਾ | 1. ਮੋਗਾ<br>2. ਮੁਕਤਸਰ<br>3. ਫਰੀਦਕੋਟ<br>4. ਫਿਰੋਜ਼ਪੁਰ<br>5. ਫਾਜਿਲਕਾ |
| 3 | 1. ਸ਼੍ਰੀਮਤੀ ਸੁਦੇਸ਼ ਕੁਮਾਰੀ, ਮੰਡਲ ਸਿੱਖਿਆ ਅਫ਼ਸਰ , ਜਲੰਧਰ<br>2. ਸ਼੍ਰੀ ਇੰਦਰਜੀਤ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਗੁਰਦਾਸਪੁਰ<br>3. ਸ਼੍ਰੀ ਰੂਪ ਲਾਲ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਕਪੂਰਥਲਾ<br>4. ਸਬੰਧਤ ਜਿਲ੍ਹੇ ਦਾ ਜਿਲ੍ਹਾ ਸਾਇੰਸ ਸੁਪਰਵਾਈਜਰ ਬਤੌਰ ਡੀ.ਜੀ.ਐਸ.ਈ ਜੀ ਦਾ ਨੁਮਾਇੰਦਾ | 1. ਹੁਸ਼ਿਆਰਪੁਰ<br>2. ਨਵਾਂ ਸ਼ਹਿਰ<br>3. ਲੁਧਿਆਣਾ<br>4. ਰੋਪੜ੍ਹ |
| 4 | 1. ਸ਼੍ਰੀਮਤੀ ਸੁਰਜੀਤ ਕੌਰ, ਡਿਪਟੀ ਡਾਇਰੈਕਟਰ (ਵੋਕੇਸਨਲ)<br>2. ਸ਼੍ਰੀ ਵਿਨੋਦ ਕੁਮਾਰ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਐਸ.ਏ.ਐਸ. ਨਗਰ<br>3. ਸ਼੍ਰੀਮਤੀ ਪਰਮਜੀਤ ਕੌਰ ਸਿੱਧੂ, ਅੰਕੜਾ ਅਫ਼ਸਰ<br>4. ਸਬੰਧਤ ਜਿਲ੍ਹੇ ਦਾ ਜਿਲ੍ਹਾ ਸਾਇੰਸ ਸੁਪਰਵਾਈਜਰ ਬਤੌਰ ਡੀ.ਜੀ.ਐਸ.ਈ ਜੀ ਦਾ ਨੁਮਾਇੰਦਾ | 1. ਬਠਿੰਡਾ<br>2. ਮਾਨਸਾ<br>3. ਸੰਗਰੂਰ<br>4. ਬਰਨਾਲਾ |
| 5 | 1. ਸ਼੍ਰੀ ਨਰਿੰਦਰ ਸਿੰਘ, ਡਿਪਟੀ ਡਾਇਰੈਕਟਰ (ਫਿਜੀ.ਐਜੂ.)<br>2. ਸ਼੍ਰੀ ਭਗਵੰਤ ਸਿੰਘ, ਸਹਾਇਕ ਡਾਇਰੈਕਟਰ (ਸ.ਪ੍ਰ.-1)<br>3. ਸ਼੍ਰੀਮਤੀ ਨੀਲਮ ਕੁਮਾਰੀ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਜਲੰਧਰ<br>4. ਸਬੰਧਤ ਜਿਲ੍ਹੇ ਦਾ ਜਿਲ੍ਹਾ ਸਾਇੰਸ ਸੁਪਰਵਾਈਜਰ ਬਤੌਰ ਡੀ.ਜੀ.ਐਸ.ਈ ਜੀ ਦਾ ਨੁਮਾਇੰਦਾ | 1. ਐਸ.ਏ.ਐਸ. ਨਗਰ<br>2. ਫਤਿਹਗੜ੍ਹ ਸਾਹਿਬ<br>3. ਪਟਿਆਲਾ<br>4. ਤਰਨ ਤਾਰਨ |

ਉਪਰੋਕਤ ਅਧਿਕਾਰੀ ਵਿਭਾਗ ਵੱਲੋਂ ਜਾਰੀ ਰੈਸ਼ਨੇਲਾਈਜ਼ੇਸ਼ਨ ਪਾਲਿਸੀ ਵਿੱਚ ਦਰਜ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਉਨ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹੋਣਗੇ ।

ਡਾ.ਕਮਲ ਕੁਮਾਰ
ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.),ਪੰਜਾਬ

ਪਿੱਠ ਅੰਕਣ ਨੰ: ਉਕਤ
ਮਿਤੀ, ਚੰਡੀਗੜ੍ਹ :- 08-08-2012

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਦਾ ਹੈ :-

1. ਨਿੱਜੀ ਸਕੱਤਰ/ਸਿੱਖਿਆ ਮੰਤਰੀ ਜੀ ਨੂੰ ਮਾਨਯੋਗ ਸਿੱਖਿਆ ਮੰਤਰੀ ਜੀ ਦੀ ਸੂਚਨਾਂ ਹਿਤ।
2. ਨਿੱਜੀ ਸਕੱਤਰ/ਮੁੱਖ ਸੰਸਦੀ ਸਕੱਤਰ, ਸਿੱਖਿਆ ।
3. ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ।
4. ਡਾਇਰੈਕਟਰ ਜਨਰਲ, ਸਕੂਲ ਸਿੱਖਿਆ ਵਿਭਾਗ।
5. ਰਾਜ ਦੇ ਸਮੂਹ ਮੰਡਲ/ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਪੰਜਾਬ ।
6. ਸਬੰਧਤ ਅਧਿਕਾਰੀ।

ਡਿਪਟੀ ਡਾਇਰੈਕਟਰ (ਸ.ਪ੍ਰ.)

## <u>ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਚੰਡੀਗੜ੍ਹ</u>

ਵੱਲ

ਰਾਜ ਦੇ ਸਮੂਹ ਮੰਡਲ/ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.),
ਪੰਜਾਬ।

ਮੀਮੋ ਨੰ:- 8/81-12 ਅ-3 (2)
ਮਿਤੀ, ਚੰਡੀਗੜ੍ਹ :- 06-08-2012

**ਵਿਸ਼ਾ :-** **ਪੰਜਾਬ ਦੇ ਸਰਕਾਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਅਧਿਆਪਕਾਂ ਦੀ ਰੈਸ਼ਨੇਲਾਈਜ਼ੇਸ਼ਨ ਲਈ ਪਾਲਿਸੀ ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਰੈਸ਼ਨੇਲਾਈਜ਼ੇਸ਼ਨ ਪਾਲਿਸੀ ਸਬੰਧੀ ਗਾਈਡਲਾਈਨਜ਼ ਨਾਲ ਨੱਥੀ ਕਰਕੇ ਆਪ ਨੂੰ ਅਗਲੇਰੀ ਕਾਰਵਾਈ ਕਰਨ ਹਿਤ ਭੇਜੀਆ ਜਾਂਦੀਆ ਹਨ। ਇਨ੍ਹਾਂ ਗਾਈਡਲਾਈਨਜ਼ ਅਨੁਸਾਰ ਤੁਰੰਤ ਤਜਵੀਜ਼ਾਂ ਤਿਆਰ ਕੀਤੀਆ ਜਾਣ।

ਡਿਪਟੀ ਡਾਇਰੈਕਟਰ (ਸ.ਪ੍ਰ.)

**ਨੋਟ :-** **ਮੰਡਲ ਸਿੱਖਿਆ ਅਫ਼ਸਰ ਆਪਣੇ ਸਬੰਧਤ ਜ਼ਿਲ੍ਹਿਆਂ ਦੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਅਤੇ (ਐ.ਸਿ.) ਨੂੰ ਆਪਣੇ ਪੱਧਰ ਤੇ ਸੂਚਨਾਂ ਪੁੱਜਦੀ ਕਰਕੇ ਤਜਵੀਜ਼ਾਂ ਤਿਆਰ ਕਰਵਾਉਣਗੇ।**

**ਵਿਸ਼ਾ :- ਪੰਜਾਬ ਦੇ ਸਰਕਾਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਅਧਿਆਪਕਾਂ ਦੀ ਰੈਸ਼ਨੇਲਾਈਜ਼ੇਸ਼ਨ ਲਈ ਪਾਲਿਸੀ।**

ਪੰਜਾਬ ਰਾਜ ਵਿੱਚ ਲੈਕਚਰਾਰ, ਮਾਸਟਰ / ਮਿਸਟ੍ਰੈਸ ਅਤੇ ਸੀ ਐਂਡ ਵੀ ਕਾਡਰ ਦੇ ਅਧਿਆਪਕਾਂ ਦੀਆਂ ਵਾਧੂ ਅਸਾਮੀਆਂ/ਸਰਪਲੱਸ ਅਧਿਆਪਕਾਂ ਨੂੰ ਲੋੜਵੰਦ ਸਕੂਲਾਂ ਵਿੱਚ ਸ਼ਿਫਟ/ਤਬਦੀਲ ਕਰਨ ਦੀ ਜ਼ਰੂਰਤ ਹੈ । ਸਕੂਲਾਂ ਵਿੱਚੋਂ ਵਾਧੂ ਅਸਾਮੀਆਂ/ ਸਰਪਲੱਸ ਅਧਿਆਪਕਾਂ ਨੂੰ ਸ਼ਿਫਟ/ਤਬਦੀਲ ਕਰਨ ਲਈ ਹੇਠ ਲਿਖੇ ਅਨੁਸਾਰ ਪਾਲਿਸੀ ਜਾਰੀ ਕੀਤੀ ਜਾਂਦੀ ਹੈ।

ੳ. ਰੈਸ਼ਨੇਲਾਈਜ਼ੇਸ਼ਨ ਲਈ ਬੱਚਿਆਂ ਦੀ ਗਿਣਤੀ ਦਾ ਆਧਾਰ 31-07-2012 ਦੇ ਅੰਕੜੇ ਹੋਣਗੇ।

ਅ. ਪਹਿਲੀ ਤੋਂ ਪੰਜਵੀਂ ਕਲਾਸ ਲਈ 60 ਬੱਚਿਆਂ ਲਈ 2 ਅਧਿਆਪਕ ਹੋਣਗੇ। ਤੀਸਰੇ ਅਧਿਆਪਕ ਦੀ ਅਸਾਮੀ 90 ਵਿਦਿਆਰਥੀ ਹੋਣ ਤੇ ਦਿੱਤੀ ਜਾਵੇਗੀ। ਪੰਜਵੀਂ ਤੋਂ ਅੱਠਵੀਂ ਕਲਾਸ ਤੱਕ ਅਧਿਆਪਕ ਵਿਦਿਆਰਥੀ ਅਨੁਪਾਤ 1:35 ਹੋਵੇਗਾ । ਦੂਜਾ ਸੈਕਸ਼ਨ 45 ਤੋਂ ਵੱਧ ਵਿਦਿਆਰਥੀਆਂ ਲਈ ਬਣਾਇਆ ਜਾਵੇਗਾ। ਅੱਠਵੀਂ ਤੋਂ ਦੱਸਵੀਂ ਕਲਾਸਾਂ ਲਈ ਅਧਿਆਪਕ ਵਿਦਿਆਰਥੀ ਅਨੁਪਾਤ 1:40 ਅਤੇ 10+1 , 10+2 ਕਲਾਸਾਂ ਲਈ ਇਹ ਅਨੁਪਾਤ 1:50 ਹੋਵੇਗਾ। ਇਸ ਵਿੱਚ 10% ਦਾ ਵਾਧਾ/ਘਾਟਾ ਕੀਤਾ ਜਾ ਸਕਦਾ ਹੈ।

10+1 ਜਾਂ 10+2 ਸ਼੍ਰੇਣੀ ਵਿੱਚ ਸਟਰੀਮ/ਗਰੁੱਪ/ਵਿਸ਼ਾ ਚਲਾਉਣ ਲਈ ਘੱਟੋ-ਘੱਟ 10 ਵਿਦਿਆਰਥੀਆਂ ਦਾ ਹੋਣਾ ਜਰੂਰੀ ਹੈ । ਇਸ ਤੋਂ ਘੱਟ ਵਿਦਿਆਰਥੀ ਹੋਣ ਤੇ ਸਟਰੀਮ/ਗਰੁੱਪ/ਵਿਸ਼ਾ ਚਾਲੂ ਨਹੀ ਕੀਤਾ ਜਾਵੇਗਾ । ਜੇਕਰ ਮੈਡੀਕਲ/ਨਾਨ ਮੈਡੀਕਲ ਗਰੁੱਪ ਵਿੱਚ ਕਿਸੇ ਇੱਕ ਵਿਸੇ ਵਿੱਚ ਵਿਦਿਆਰਥੀਆਂ ਦੀ ਗਿਣਤੀ 10 ਤੋ ਘੱਟ ਹੈ ਤਾਂ ਗਰੁੱਪ ਚਾਲੂ ਰੱਖਣ ਖਾਤਰ ਘੱਟ ਗਿਣਤੀ ਵਾਲੇ ਵਿਸੇ ਦੀ ਅਸਾਮੀ ਸਿਫਟ ਨਹੀ ਕੀਤੀ ਜਾਵੇਗੀ।

ੲ. (i) ਅਧਿਆਪਕਾਂ ਵੱਲੋਂ ਲਏ ਜਾ ਰਹੇ ਹਫਤਾਵਾਰ ਪੀਰੀਅਡਾਂ ਦਾ ਨਾਰਮ ਹੇਠ ਲਿਖੇ ਅਨੁਸਾਰ ਹੋਵੇਗਾ :-

| **ਲੜੀ ਨੰ:** | **ਅਹੁਦਾ** | **ਵਿਦਿਆਰਥੀਆਂ ਦੀ ਗਿਣਤੀ** | **ਪੀਰੀਅਡਾਂ ਦੀ ਗਿਣਤੀ** | **ਵਿਸ਼ੇਸ਼ ਕਥਨ** |
|---|---|---|---|---|
| | | | ਤਜ਼ਵੀਜ਼ਤ | |
| 1 | ਪ੍ਰਿੰਸੀਪਲ | -- | **6** | ਕਲੱਸਟਰ ਇੰਚਾਰਜ ਹੋਣ ਦੇ ਨਾਤੇ ਛੋਟ ਦਿੱਤੀ ਜਾਂਦੀ ਹੈ। |
| 2 | ਹੈਡਮਾਸਟਰ | 500 ਤੱਕ | **15** | |
| | | 1000 ਤੱਕ | **12** | |
| | | 1500 ਤੱਕ | **10** | |
| | | 2000 ਤੱਕ | **07** | |
| 3 | ਲੈਕਚਰਾਰ | | **36** | 10+1 ਅਤੇ 10+2 ਸ਼੍ਰੇਣੀਆਂ ਵਿੱਚ ਪੀਰੀਅਡ ਪੂਰੇ ਨਾ ਹੋਣ ਦੀ ਸੂਰਤ ਵਿੱਚ ਸਬੰਧਿਤ ਲੈਕਚਰਾਰ ਨੂੰ ਹੇਠਲੀਆਂ ਕਲਾਸਾਂ ਦੇ ਉਸ ਵਿਸ਼ੇ ਦੇ ਪੀਰੀਅਡ ਦਿੱਤੇ ਜਾਣਗੇ ਜਿਸ ਵਿਸ਼ੇ ਦਾ ਉਹ ਲੈਕਚਰਾਰ ਹੈ । ਜੇਕਰ ਫਿਰ ਵੀ ਵਰਕ-ਲੋਡ ਪੂਰਾ ਨਹੀ ਹੁੰਦਾ ਤਾਂ ਉਸ ਵਿਸ਼ੇ ਦੇ ਪੀਰੀਅਡ ਦਿੱਤੇ ਜਾ ਸਕਦੇ ਹਨ, ਜਿਸ ਵਿਸ਼ੇ ਵਿੱਚੋਂ ਪ੍ਰਮੋਟ ਹੋਇਆ ਹੈ । |
| 4 | ਮਾਸਟਰ / ਮਿਸਟ੍ਰੈਸ | | **36** | ਲੈਕਚਰਾਰ ਵੱਲੋ ਮਾਸਟਰ ਕਾਡਰ ਦੇ ਪੀਰੀਅਡ ਲਏ ਜਾਣ ਦੀ ਸੂਰਤ ਵਿੱਚ ਪਾਲਿਸੀ ਅਨੁਸਾਰ ਪੀਰੀਅਡ ਪੂਰੇ ਕੀਤੇ ਜਾਣ। |
| 5 | ਸੀ.ਐਂਡ ਵੀ | | **36** | |

- ਪ੍ਰਿੰਸੀਪਲ / ਹੈਡਮਾਸਟਰ ਵੱਲੋਂ ਲਏ ਜਾਣ ਵਾਲੇ ਪੀਰੀਅਡ ਰੈਸ਼ਨੇਲਾਈਜ਼ੇਸ਼ਨ ਲਈ ਗਿਣੇ ਨਹੀਂ ਜਾਣਗੇ।

ii. ਛੇਵੀਂ ਤੋਂ ਦਸਵੀਂ ਤੱਕ ਦੀਆਂ ਸ਼੍ਰੇਣੀਆਂ ਲਈ ਵੱਖ-2 ਵਿਸ਼ਿਆ ਦੀ ਹਫਤਾਵਾਰੀ ਪੀਰੀਅਡਾਂ ਦੀ ਗਿਣਤੀ:

| ਵਿਸ਼ਾ | ਛੇਵੀਂ ਤੋਂ ਅੱਠਵੀਂ ਜਮਾਤ ਲਈ ਪੀਰੀਅਡਾਂ ਦੀ ਗਿਣਤੀ | ਨੌਵੀਂ ਤੇ ਦਸਵੀਂ ਜਮਾਤ ਲਈ ਪੀਰੀਅਡਾਂ ਦੀ ਗਿਣਤੀ |
|---|---|---|
| ਅੰਗਰੇਜ਼ੀ | 8 | 7 |
| ਸਮਾਜਿਕ ਸਿੱਖਿਆ | 6 | 5 |
| ਪੰਜਾਬੀ | 6 | 6 |
| ਹਿੰਦੀ | 4 | 5 |
| ਹਿਸਾਬ | 8 | 7 |
| ਸਾਇੰਸ | 6 | 8 |
| ਸਰੀਰਿਕ ਸਿੱਖਿਆ | 3 | 3 |
| ਇਲੈਕਟਿਵ ਵਿਸ਼ਾ | 3 | 3 |
| ਕੰਪਿਊਟਰ ਸਿੱਖਿਆ | 4 | 4 |
| ਸਹਿ ਕ੍ਰਿਆਵਾਂ | 2* | – |
| ਲਾਇਬ੍ਰੇਰੀ | 2* | – |
| ਸਹਿ ਕ੍ਰਿਆਵਾਂ/ ਲਾਇਬ੍ਰੇਰੀ | – | 4* |
| **ਕੁੱਲ ਜੋੜ** | **48** | **48** |

iii. 10+1 ਅਤੇ 10+2 ਸ਼੍ਰੇਣੀਆਂ ਲਈ ਵੱਖ–2 ਸਟਰੀਮ/ਗਰੁੱਪ/ਵਿਸ਼ਿਆ ਦੀ ਹਫਤਾਵਾਰੀ ਪੀਰੀਅਡਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ:–

| ਲੜੀ ਨੰ: | ਸਟਰੀਮ /ਗਰੁੱਪ | ਵਿਸ਼ਾ | ਪੀਰੀਅਡਾਂ ਦੀ ਗਿਣਤੀ | |
|---|---|---|---|---|
| | | | ਥਿਊਰੀ | ਪਰੈਕਟੀਕਲ |
| 1 | ਸਾਇੰਸ ਮੈਡੀਕਲ/ਨਾਨ ਮੈਡੀਕਲ | ਫਿਜਿਕਸ | 6 | 4 |
| | | ਕੈਮਿਸਟਰੀ | 6 | 4 |
| | | ਬਾਇਓਲੋਜੀ | 6 | 4 |
| | | ਮੈਥ | 10 | ਲਾਗੂ ਨਹੀ |
| 2 | ਹਿਊਮੈਨਟੀਜ਼ | ਹਿਸਟਰੀ | 6 | ਲਾਗੂ ਨਹੀ |
| | | ਪੋਲ ਸਾਇੰਸ | 6 | ਲਾਗੂ ਨਹੀ |
| | | ਇਕਨਾਮਿਕਸ | 6 | ਲਾਗੂ ਨਹੀ |
| | | ਸੋਸ਼ਿਆਲੋਜੀ | 6 | ਲਾਗੂ ਨਹੀ |
| | | ਸਰੀਰਿਕ ਸਿੱਖਿਆ | 6 | ਲਾਗੂ ਨਹੀ |
| | | ਮਿਊਜ਼ਿਕ | 6 | ਲਾਗੂ ਨਹੀ |
| | | ਫਾਈਨ ਆਰਟਸ | 6 | ਲਾਗੂ ਨਹੀ |
| | | ਜੋਗਰਫੀ | 6 | 3 |
| | | ਹੋਮ ਸਾਇੰਸ | 6 | 3 |
| | | ਐਗਰੀਕਲਚਰ | 6 | 3 |
| 3 | ਭਾਸ਼ਾਵਾਂ | ਲਾਜ਼ਮੀ ਪੰਜਾਬੀ | 6 | ਲਾਗੂ ਨਹੀ |
| | | ਲਾਜ਼ਮੀ ਅੰਗਰੇਜ਼ੀ | 6 | ਲਾਗੂ ਨਹੀ |
| | | ਇਲੈਕਟਿਵ ਪੰਜਾਬੀ/ਹਿੰਦੀ/ਅੰਗਰੇਜ਼ੀ | 9 | ਲਾਗੂ ਨਹੀ |
| 4 | ਕਮਰਸ ਗਰੁੱਪ | ਬਿਜਨਸ ਸਟਡੀਜ਼– I / II | 6 | ਲਾਗੂ ਨਹੀ |
| | | ਅਕਾਊਂਟੈਂਸੀ I / II | 6 | ਲਾਗੂ ਨਹੀ |
| | | ਬਿਜਨਸ ਇਕਨਾਮਿਕਸ ਅਤੇ ਕੁਆਨਟੇਟਿਵ ਮੈਥਿਡ I / II | 6 | ਲਾਗੂ ਨਹੀ |
| | | ਮਾਡਰਨ ਆਫਿਸ ਪ੍ਰੈਕਟਿਸ / ਫੰਡਾਮੈਂਟਲ ਆਫ ਈ–ਬਿਜਨੈਸ | 6 | ਲਾਗੂ ਨਹੀ |
| **ਸਾਰੇ ਗਰੁੱਪਾਂ ਲਈ ਜਰੂਰੀ** | | | | |
| 5 | | ਵਾਤਾਵਰਣ | 2 | ਲਾਗੂ ਨਹੀ |

| | | | | |
|---|---|---|---|---|
| 6 | | ਕੰਪਿਊਟਰ ਸਿੱਖਿਆ | 2 | 2 |

**ਮੈਡੀਕਲ/ਨਾਨ ਮੈਡੀਕਲ ਗਰੁੱਪ ਲਈ ਪ੍ਰੈਕਟੀਕਲ ਦਾ ਸੈਕਸਨ 20 ਵਿਦਿਆਰਥੀ ਤੇ ਹੋਵੇਗਾ ਅਤੇ 10% ਵਾਧਾ ਕਰਨ ਉਪਰੰਤ 23 ਵਿਦਿਆਰਥੀ ਤੇ ਦੂਜਾ ਸੈਕਸਨ ਬਣਾਇਆ ਜਾ ਸਕੇਗਾ।**

ਸ. ਉਪਰੋਕਤ ਨਾਰਮ ਅਨੁਸਾਰ ਵਾਧੂ ਅਧਿਆਪਕਾਂ ਦੀ ਰੈਸ਼ਨੇਲਾਈਜ਼ੇਸ਼ਨ ਕਰਨ ਲਈ ਤਜ਼ਵੀਜ਼ਾਂ ਤਿਆਰ ਕਰਦੇ ਸਮੇਂ ਹੇਠ ਲਿਖੇ ਨੁਕਤਿਆਂ ਨੂੰ ਵੀ ਉਚੇਚੇ ਤੌਰ ਤੇ ਧਿਆਨ ਵਿੱਚ ਰੱਖਿਆ ਜਾਵੇ:-

1. ਜੇਕਰ ਸਕੂਲ ਵਿੱਚ ਖਾਲੀ ਅਸਾਮੀ ਵਾਧੂ ਹੈ ਤਾਂ ਪਹਿਲਾਂ ਉਸਨੂੰ ਲੋੜਵੰਦ ਸਕੂਲ ਵਿੱਚ ਸ਼ਿਫਟ ਕੀਤਾ ਜਾਵੇ ।
2. ਸ਼ਹਿਰ ਵਿੱਚ ਪੈਂਦੇ ਹਰ ਇੱਕ ਸਕੂਲ ਨੂੰ ਇੱਕ ਇਕਾਈ ਮੰਨਿਆ ਜਾਵੇਗਾ ਅਤੇ ਜੇਕਰ ਕਿਸੇ ਸ਼ਹਿਰੀ ਸਕੂਲ ਵਿੱਚ ਭਰੀ ਅਸਾਮੀ ਵਾਧੂ ਹੈ ਅਤੇ ਉਸੇ ਸ਼ਹਿਰ ਵਿੱਚ ਹੀ ਅਸਾਮੀ ਦੀ ਲੋੜ ਹੈ ਤਾਂ ਉਹ ਅਸਾਮੀ ਉਸੇ ਸ਼ਹਿਰ ਵਿੱਚ ਹੀ ਅਧਿਆਪਕ ਸਮੇਤ ਲੋੜਵੰਦ ਸਕੂਲ ਵਿੱਚ ਸ਼ਿਫਟ ਕੀਤੀ ਜਾਵੇ। ਜੇਕਰ ਸ਼ਹਿਰ ਵਿੱਚੋਂ ਭਰੀ ਅਸਾਮੀ ਸਰਪਲਸ ਹੋ ਗਈ ਹੈ ਤਾਂ ਲੰਬੀ ਠਹਿਰ ਵਾਲੇ ਅਧਿਆਪਕ ਨੂੰ ਲੋੜਵੰਦ ਪੇਂਡੂ ਸਕੂਲ ਵਿੱਚ ਸ਼ਿਫਟ ਕੀਤਾ ਜਾਵੇ । ਪਰੰਤੂ ਪੁਰਸ਼ ਇਸਤਰੀ ਅਧਿਆਪਕ ਦੀ ਇੱਕੋ ਜਿਹੀ ਲੰਬੀ ਠਹਿਰ ਹੋਣ ਵਾਲੇ ਕੇਸਾਂ ਵਿੱਚ ਪੁਰਸ਼ ਅਧਿਆਪਕ ਨੂੰ ਹੀ ਲੋੜਵੰਦ ਪੇਂਡੂ ਸਕੂਲਾ ਵਿੱਚ ਸ਼ਿਫਟ ਕੀਤਾ ਜਾਵੇ।
3. ਜਿਹੜਾ ਅਧਿਆਪਕ 30-09-2011 ਤੋਂ ਬਾਅਦ ਕਿਸੇ ਵੀ ਤਰ੍ਹਾ ਸਕੂਲ ਵਿੱਚ ਆਇਆ ਹੋਵੇ ਅਸਾਮੀ ਸਰਪਲੱਸ ਹੋਣ ਦੀ ਸੂਰਤ ਵਿੱਚ ਉਸੇ ਹੀ ਅਧਿਆਪਕ ਨੂੰ ਸਿਫਟ ਕੀਤਾ ਜਾਵੇ।
4. ਨੇਤਰਹੀਣ, ਅੰਗਹੀਣ (ਜਿੰਨਾਂ ਦਾ ਲੋਅਰ ਲਿੰਬਜ਼ 50% ਪੱਕੇ ਤੌਰ ਤੇ ਨਕਾਰਾ ਹੋਣ, ਜਿਨ੍ਹਾਂ ਦੀ ਇੱਕ ਜਾਂ ਦੋਵੇਂ ਬਾਹਾਂ ਨਾ ਹੋਣ) ਨੂੰ ਸ਼ਿਫਟ ਨਾ ਕੀਤਾ ਜਾਵੇ । ਇਸ ਬਾਰੇ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਸਬੰਧਤ ਕਰਮਚਾਰੀਲਈ ਜ਼ਿਲ੍ਹੇ ਦੇ ਸਿਵਲ ਸਰਜਨ ਵੱਲੋਂ ਜਾਰੀ ਕੀਤੇ ਗਏ ਪ੍ਰਮਾਣ ਪੱਤਰ ਨੂੰ ਤਸਦੀਕ ਕਰਵਾਉਣ ਉਪਰੰਤ ਕਾਰਵਾਈ ਕਰੇਗਾ। ਵਿਧਵਾ, ਕੁਆਰੀ ਲੜਕੀ ਅਤੇ ਤਲਾਕਸ਼ੁਦਾ ਇਸਤਰੀ ਨੂੰ ਸਰਪਲੱਸ ਹੋਣ ਦੀ ਸੂਰਤ ਵਿੱਚ ਸਭ ਤੋਂ ਨਜ਼ਦੀਕੀ ਲੋੜਵੰਦ ਸਟੇਸ਼ਨ ਤੇ ਐਡਜਸਟ ਕਰਨ ਲਈ ਤਰਜੀਹ ਦਿੱਤੀ ਜਾਵੇ।
5. ਜਿਹਨਾਂ ਅਧਿਆਪਕ/ਅਧਿਅਪਾਕਾਵਾਂ ਦੀ ਰਿਟਾਇਰਮੈਂਟ ਵਿੱਚ ਇੱਕ ਸਾਲ ਜਾਂ ਇਸ ਤੋਂ ਘੱਟ ਦਾ ਸਮਾਂ ਰਹਿੰਦਾ ਹੋਵੇ ਉਨ੍ਹਾਂ ਨੂੰ ਸ਼ਿਫਟ ਨਾ ਕੀਤਾ ਜਾਵੇ । ਇਸ ਦੇ ਨਾਲ ਹੀ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਮੁੱਖ ਰੱਖਦੇ ਹੋਏ ਜੇਕਰ ਕੋਈ ਕਰਮਚਾਰੀ ਨੇੜੇ ਭਵਿੱਖ ਵਿੱਚ ਚਾਲੂ ਵਿਦਿਅਕ ਸੈਸਨ ਦੇ ਅੰਤ ਤੱਕ ਰਿਟਾਇਰ ਹੋ ਰਿਹਾ ਹੈ,ਅਜਿਹੇ ਕੇਸਾਂ ਵਿੱਚ ਉਸ ਤੋ ਅਗਲੇ ਕਰਮਚਾਰੀ ਨੂੰ ਸ਼ਿਫਟ ਨਾ ਕੀਤਾ ਜਾਵੇ । ਰਿਟਾਇਰਮੈਂਟ ਉਪਰੰਤ ਖਾਲੀ ਅਸਾਮੀ ਸਿਫਟ ਕਰ ਦਿੱਤੀ ਜਾਵੇ।
6. ਮਿਡਲ ਸਕੂਲਾਂ ਵਿੱਚ ਕੇਵਲ ਬੀ.ਐਸ.ਸੀ ਨਾਨ ਮੈਡੀਕਲ ਸਾਇੰਸ ਅਧਿਆਪਕ ਹੀ ਰੱਖੇ ਜਾਣ ਅਤੇ ਕਿਸੇ ਵੀ ਸੂਰਤ ਵਿੱਚ ਕੇਵਲ ਬੀ.ਐਸ.ਸੀ ਮੈਡੀਕਲ ਜਾਂ ਹਿਸਾਬ ਨਾਲ ਕੀਤੀ ਬੀ.ਏ ਵਾਲੇ ਅਧਿਆਪਕ ਨੂੰ ਨਾ ਰੱਖਿਆ ਜਾਵੇ ।

7. ਜਿਹੜੇ ਸਕੂਲਾਂ ਨੂੰ ਅੰਗਰੇਜ਼ੀ ਅਧਿਆਪਕ ਦੀ ਅਸਾਮੀ ਦਿੱਤੀ ਗਈ ਹੋਵੇ ਉਸਨੂੰ ਵਾਧੂ ਨਾ ਐਲਾਨਿਆ ਜਾਵੇ । ਉਦਾਹਰਨ ਵਜੋਂ ਅਗਰ ਕਿਸੇ ਸਕੂਲ ਵਿੱਚ ਸੋਸ਼ਲ ਸਟੱਡੀਜ਼ ਵਿਸ਼ੇ ਦੇ ਅਧਿਆਪਕ ਦੀਆਂ ਅਸਾਮੀਆਂ ਵਾਧੂ ਹਨ, ਤਾਂ ਅੰਗਰੇਜ਼ੀ ਅਧਿਆਪਕ ਨੂੰ ਰੈਸ਼ਨੇਲਾਈਜ਼ੇਸ਼ਨ ਲਈ ਨਹੀ ਵਿਚਾਰਿਆ ਜਾਵੇਗਾ ਭਾਵੇਂ ਉਸਦੀ ਠਹਿਰ ਸੋਸ਼ਲ ਸਟੱਡੀਜ਼ ਅਧਿਆਪਕ ਨਾਲੋਂ ਜ਼ਿਆਦਾ ਹੀ ਕਿਉਂ ਨਾ ਹੋਵੇ ।

8. ਮਿਡਲ ਸਕੂਲ ਵਿੱਚ ਤਿੰਨ ਸੈਕਸ਼ਨਾਂ ਤੱਕ ਸੋਸ਼ਲ ਸਟੱਡੀਜ਼ ਅਤੇ ਸਾਇੰਸ (ਨਾਨ ਮੈਡੀਕਲ) ਵਿਸ਼ੇ ਦੀ ਇੱਕ-2 ਅਸਾਮੀ ਹੀ ਰਹੇਗੀ । ਮੈਥ ਦੀ ਕੋਈ ਵੱਖਰੀ ਅਸਾਮੀ ਨਹੀ ਹੋਵੇਗੀ ਅਤੇ ਸਾਇੰਸ ਅਧਿਆਪਕ ਨਾਨ-ਮੈਡੀਕਲ ਵਾਲੇ ਨੂੰ ਹੀ ਤਰਜੀਹ ਦਿੱਤੀ ਜਾਵੇਗੀ । ਵਿਦਿਆਰਥੀਆਂ ਦੀ ਗਿਣਤੀ ਅਤੇ ਸੈਕਸ਼ਨਾਂ ਦਾ ਵਾਧਾ ਹੋਣ ਦੀ ਸੂਰਤ ਵਿੱਚ ਜ਼ਰੂਰਤ ਅਨੁਸਾਰ ਮੈਡੀਕਲ ਗਰੁੱਪ ਦੇ ਸਾਇੰਸ(ਬੀ ਐਸ ਸੀ ਮੈਡੀਕਲ) ਅਤੇ ਸੋਸ਼ਲ ਸਟੱਡੀਜ਼ ਦੀ ਅਸਾਮੀ ਤੇ ਇੰਗਲਿਸ ਵਿਸੇ ਦੇ ਅਧਿਆਪਕ ਨੂੰ ਤਰਜੀਹੀ ਅਧਾਰ ਤੇ ਵਿਚਾਰਿਆ ਜਾ ਸਕਦਾ ਹੈ

9. ਜੇਕਰ ਕਿਸੇ ਸਕੂਲ ਵਿੱਚ ਕੋਈ ਅਧਿਆਪਕ ਲੰਮੇ ਸਮੇ ਭਾਵ ਤਿੰਨ ਮਹੀਨੇ ਤੋ ਵੱਧ ਸਮੇ ਲਈ ਸਕੂਲ ਤੋ ਬਾਹਰ ਹੈ(ਸਿਵਾਏ ਪ੍ਰਸੂਤਾ/ਮੈਡੀਕਲ ਛੁੱਟੀ ਜਾਂ ਸਰਕਾਰ ਵੱਲੋ ਕਿਸੇ ਡਿਊਟੀ ਤੇ ਹੋਵੇ), ਵਿਦਿਆਰਥੀਆਂ ਦੀ ਪੜ੍ਹਾਈ ਨੂੰ ਮੁੱਖ ਰੱਖਦੇ ਹੋਏ ਕਰਮਚਾਰੀ ਦਾ ਲੀਅਨ ਸਿਫਟ ਕੀਤਾ ਜਾ ਸਕਦਾ ਹੈ।

10. ਜ਼ਿਲ੍ਹੇ ਵਿੱਚ ਵਾਧੂ ਖਾਲੀ ਜਾਂ ਭਰੀਆਂ ਅਸਾਮੀਆਂ ਮੰਡਲ ਪੂਲ/ਰਾਜ ਪੂਲ ਵਿੱਚ ਚਲੀਆਂ ਜਾਣਗੀਆਂ।

****